ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ 467/CC ਮਿਤੀ 23/11/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਸ੍ਰੀ ਸਤਪਾਲ, ਉਪ ਮੰਡਲ ਅਫਸਰ ਨੂੰ ਮਿਤੀ 5.4.2010 ਤੋਂ 21.11.2012 ਤੱਕ ਲਗਾਤਾਰ ਗੈਰ ਹਾਜਰ ਰਹਿਣ ਕਾਰਨ ਸਰਕਾਰ ਦੇ ਪੱਤਰ ਨੰ:5/41/2012-2ਸਪ2/1266-67 ਮਿਤੀ 25.7.2012 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ ਰੂਲਜ 1970 ਦੇ ਨਿਯਮ 8 ਅਧੀਨ ਹੇਠ ਲਿਖੇ ਦੋਸਾਂ ਕਾਰਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ:-

ੳ) ਮਿਤੀ 5.4.2010 ਤੋਂ ਮਿਤੀ 21.11.2011 ਤੱਕ ਡਿਊਟੀ ਤੋਂ ਅਣਅਧਿਕਾਰਤ ਤਰੀਕੇ ਨਾਲ ਗੈਰ ਹਾਜਰ ਰਹਿਣਾ।

ਅ) ਦਫਤਰੋਂ ਗੈਰ ਹਾਜਰ ਰਹਿਣ ਕਰਕੇ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1 ਦੇ ਭਾਗ-1 ਦੇ ਨਿਯਮ 8.15 ਅਤੇ 8.47 ਦੀ ਉਲੰਘਣਾਂ ਕਰਨਾ।

ਇਸ ਅਧਿਕਾਰੀ ਵੱਲੋਂ ਉਕਤ ਦੋਸਾਂ ਅਧੀਨ ਜਾਰੀ ਕੀਤੀ ਦੋਸ ਸੂਚੀ ਦਾ ਜਵਾਬ ਸਰਕਾਰ ਨੂੰ ਮਿਤੀ 11.10.2012 ਰਾਹੀਂ ਪੇਸ਼ ਗਿਆ ਸੀ ਜਿਸ ਨੂੰ ਵਿਚਾਰਨ ਉਪਰੰਤ ਤਸੱਲੀਬਖਸ਼ ਨਾ ਪਾਏ ਜਾਣ ਤੇ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਸ੍ਰੀ ਏ.ਐਸ.ਗੁਲਾਟੀ, ਆਈ.ਏ.ਐਸ. (ਰਿਟਾਇਰਡ) ਨੂੰ ਸਰਕਾਰ ਦੇ ਪੱਤਰ ਨੰ: 5/41/2010-2ਸਿੰ:ਪ੍ਰੋ:2/1953, ਮਿਤੀ 29.11.2012 ਰਾਹੀਂ ਪੜਤਾਲੀਆ ਅਫਸਰ ਲਗਾਇਆ ਗਿਆ ਸੀ ।

ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ ਵਿਰੁੱਧ ਦੋਸ ਸੂਚੀ ਵਿੱਚ ਲਗਾਏ ਗਏ ਦੋਸ਼ਾਂ ਦੀ ਪੜਤਾਲ ਰਿਪੋਰਟ ਪੜਤਾਲੀਆ ਅਫਸਰ ਸ੍ਰੀ ਏ.ਐਸ.ਗੁਲਾਟੀ, ਆਈ.ਏ.ਐਸ. (ਰਿਟਾਇਰਡ) ਵੱਲੋਂ ਸਰਕਾਰ ਨੂੰ ਮਿਤੀ 19.6.2013 ਨੂੰ ਸੌਂਪਦੇ ਹੋਏ ਇਸ ਅਧਿਕਾਰੀ ਵਿਰੁੱਧ ਲਗਾਏ ਗਏ ਸਮੂਹ ਦੋਸ਼ਾਂ ਨੂੰ ਸਿੱਧ ਕੀਤਾ ਗਿਆ ਸੀ। ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ ਨੂੰ ਪੜਤਾਲ ਰਿਪੋਰਟ ਦੀ ਕਾਪੀ ਸਰਕਾਰ ਦੇ ਪੱਤਰ ਨੰ: 5/41/2010-2ਸਿੰ:ਪ੍ਰੋ:2/1754 ਮਿਤੀ 18.11.2014 ਰਾਹੀਂ ਭੇਜਕੇ ਉਸਦਾ ਇਸ ਸਬੰਧੀ ਸਪਸ਼ਟੀਕਰਨ ਮੰਗਿਆ ਗਿਆ ਸੀ । ਇਸ ਅਧਿਕਾਰੀ ਵੱਲੋਂ ਪੜਤਾਲੀਆ ਰਿਪੋਰਟ ਸਬੰਧੀ ਆਪਣਾ ਸਪਸ਼ਟੀਕਰਨ ਸਰਕਾਰ ਨੂੰ 22.12.2013 ਰਾਹੀਂ ਪੇਸ਼ ਕੀਤਾ ਗਿਆ ਜਿਸ ਵਿੱਚ ਉਸਨੇ ਪੜਤਾਲੀਆ ਰਿਪੋਰਟ ਸਬੰਧੀ ਅਸਹਿਮਤੀ ਪ੍ਰਗਟਾਈ ਗਈ ।

ਸ੍ਰੀ ਸਤਪਾਲ ਸਿੰਘ,ਉਪ ਮੰਡਲ ਅਫਸਰ ਵਿਰੁੱਧ ਚਾਰਜਸ਼ੀਟ ਮਾਮਲਾ ਜਦੋਂ ਅਜੇ ਪ੍ਰੀਕ੍ਰਿਆ ਅਧੀਨ ਸੀ ਤਾਂ ਇਹ ਅਧਿਕਾਰੀ ਨੂੰ ਮਿਤੀ 4.1.2012 ਤੋਂ ਹੁਣ ਡਿਊਟੀ ਤੋਂ ਗੈਰ-ਹਾਜਰ ਰਹਿਣ ਕਾਰਣ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਅਧੀਨ ਸਰਕਾਰ ਦੇ ਪੱਤਰ ਨੰ: 5/41/2010-2ਸਪ2/644-45 ਮਿਤੀ 5-4-2013 ਨੂੰ ਇੱਕ ਹੋਰ ਦੋਸ ਸੂਚੀ ਜਾਰੀ ਕੀਤੀ ਗਈ ਸੀ ਜਿਸ ਵਿੱਚ ਹੇਠ ਅਨੁਸਾਰ ਦੋਸ ਲਗਾਏ ਗਏ ਸਨ:-

1) ਮਿਤੀ 4.1.2012 ਤੋਂ ਅਣ-ਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰ-ਹਾਜਰ ਰਹਿਣਾ।

2) ਦਫਤਰ ਤੋਂ ਗੈਰ ਹਾਜਰ ਹੋਣ ਕਰਕੇ ਪੰਜਾਬ ਸਿਵਲ ਸੇਵਾਵਾਂ (ਨਿਯਮਵਾਂਲੀ, ਜਿਲਦ-1, ਭਾਗ-1 ਦੇ ਨਿਯਮ 8.16 ਦੀ ਉਲੰਘਣਾਂ ਕਰਨਾ ।

ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ ਵੱਲੋਂ ਉਸ ਨੂੰ ਜਾਰੀ ਕੀਤੀ ਚਾਰਜਸੀਟ ਦਾ ਕੋਈ ਜਵਾਬ ਸਰਕਾਰ ਨੂੰ ਪੇਸ਼ ਨਹੀਂ ਕੀਤਾ ਗਿਆ ਜਿਸ ਕਰਕੇ ਇਸ ਕੇਸ ਦੇ ਦੋਸ਼ਾਂ ਦੀ ਸਚਾਈ ਜਾਨਣ ਲਈ ਸ੍ਰੀ ਮਦਨ ਗੋਪਾਲ ਅਚਾਰੀਆ, ਆਈ.ਏ.ਐਸ. (ਰਿਟਾਇਰਡ) ਨੂੰ ਸਰਕਾਰ ਦੇ ਪੱਤਰ ਨੰ: 5/41/2010-5ਸਿੰ:ਪ੍ਰੋ:2/270058/1, ਮਿਤੀ 17.7.2014 ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ, ਜਿਸ ਦੀ ਕਾਪੀ ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ ਨੂੰ ਵੀ ਭੇਜਦੇ ਹੋਏ ਆਪਣਾ ਪੱਖ ਪੜਤਾਲੀਆ ਅਫਸਰ ਦੇ ਸਨਮੁੱਖ ਰੱਖਣ ਲਈ ਲਿਖਿਆ ਗਿਆ, ਪਰੰਤੂ ਇਹ ਅਧਿਕਾਰੀ ਪੜਤਾਲੀਆ ਅਫਸਰ ਦੇ ਸਨਮੁੱਖ ਪਬਲਿਕ ਨੋਟਿਸ ਪ੍ਰਕਾਸ਼ਿਤ ਹੋਣ ਦੇ ਬਾਵਜੂਦ ਵੀ ਪੇਸ਼ ਨਹੀਂ ਹੋਇਆ। ਸ੍ਰੀ ਮਦਨ ਗੋਪਾਲ ਅਚਾਰੀਆ, ਆਈ.ਏ.ਐਸ. (ਰਿਟਾਇਰਡ) ਪੜਤਾਲੀਆ ਅਫਸਰ ਵੱਲੋਂ ਸਰਕਾਰ ਨੂੰ ਮਿਤੀ 7.10.2014 ਰਾਹੀਂ ਪੜਤਾਲ ਰਿਪੋਰਟ ਸੌਂਪਦੇ ਹੋਏ ਇਸ ਅਧਿਕਾਰੀ ਵਿਰੁੱਧ ਲਗਾਏ ਗਏ ਸਮੂਹ ਦੋਸ਼ ਹੋਣੇ ਦੱਸੇ ਗਏ।

ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਤੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ ਨੂੰ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਮਿਤੀ 5.11.2014 ਨੂੰ ਆਪਣਾ ਪੱਖ ਰੱਖਣ ਲਈ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ।

ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ ਉਕਤ ਮਿਤੀ ਨੂੰ ਨਿੱਜੀ ਸੁਣਵਾਈ ਲਈ ਮਾਨਯੋਗ ਸਕੱਤਰ ਸਿੰਚਾਈ ਜੀ ਦੇ ਸਨਮੁੱਖ ਆਪਣਾ ਪੱਖ ਰੱਖਣ ਲਈ ਪੇਸ਼ ਹੋਇਆ । ਨਿੱਜੀ ਸੁਣਵਾਈ ਸਮੇਂ ਇਹ ਗੱਲ ਸਪਸ਼ਟ ਤੌਰ ਤੇ ਸਾਹਮਣੇ ਆਈ ਕਿ ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ 3 ਸਾਲ ਲਈ ਘਰੇਲੂ ਛੁੱਟੀ ਲੈ ਕੇ ਗਿਆ ਸੀ ਅਤੇ ਛੁੱਟੀ 4.4.2010 ਨੂੰ ਖਤਮ ਹੋਣ ਉਪਰੰਤ ਮਿਤੀ 5.4.2010 ਤੋਂ ਅਣਅਧਿਕਾਰਤ ਤੌਰ ਤੇ ਗੈਰ-ਹਾਜਰ ਹੋ ਗਿਆ ਅਤੇ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਆਸਟ੍ਰੇਲੀਆ ਚਲਾ ਗਿਆ । ਮਿਤੀ 21.11.2011 ਨੂੰ ਡਿਊਟੀ ਤੇ ਮੁੜ ਹਾਜਰ ਹੋਣ ਉਪਰੰਤ ਇਹ ਅਧਿਕਾਰੀ ਮਿਤੀ 4.1.2012 ਤੋਂ ਮੁੜ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲ ਰਿਹਾ ਹੈ।

ਜਾਂਚ ਦੌਰਾਨ ਪੇਸ਼ ਹੋਈ ਸਹਾਦਤ ਅਤੇ ਪੜਤਾਲੀਆ ਅਫਸਰ ਦੀਆਂ ਰਿਪੋਰਟ ਨੂੰ ਵਿਚਾਰਿਆ ਗਿਆ ਅਤੇ ਪੜਤਾਲੀਆ ਅਫਸਰ ਦੇ ਸਿੱਟੇ ਪ੍ਰਵਾਨ ਕੀਤੇ ਗਏ । ਕੇਸ ਦੇ ਹਾਲਾਤਾਂ ਨੂੰ ਵਿਚਾਰਨ ਤੇ ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ ਨੂੰ ਸਰਕਾਰੀ ਸੇਵਾ ਤੋਂ ਡਿਸਮਿਸ ਕਰਨ ਦਾ ਸਮੱਰਥ ਅਥਾਰਟੀ ਵੱਲੋ ਆਰਜੀ ਫੈਸਲਾ ਲਿਆ ਗਿਆ । ਇਸ ਉਪਰੰਤ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਸਰਕਾਰ ਦੇ ਪੱਤਰ ਨੰ:5/41/2010-2ਸਿੰ:ਪ੍ਰੋ:2/444900, ਮਿਤੀ 24.3.2015 ਰਾਹੀਂ ਸਰਕਾਰ ਵੱਲੋਂ ਲਏ ਗਏ ਫੈਸਲੇ ਸਬੰਧੀ ਪ੍ਰਵਾਨਗੀ ਦੇਣ ਲਈ ਬੇਨਤੀ ਕੀਤੀ ਗਈ । ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੇ ਪੱਤਰ ਨੰ: ਡਿਸ 652/2015/ਅ-7/8262, ਮਿਤੀ 4.11.2015 ਰਾਹੀਂ ਸਰਕਾਰ ਵੱਲੋਂ ਲਏ ਗਏ ਫੈਸਲੇ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਇਸ ਅਧਿਕਾਰੀ ਨੂੰ ਮਿਤੀ 4.1.2012 ਤੋਂ ਸਰਕਾਰੀ ਸੇਵਾ ਤੋਂ ਡਿਸਮਿਸ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਇਸ ਲਈ ਕੇਸ ਦੇ ਸਾਰੇ ਹਾਲਾਤਾਂ ਨੂੰ ਵਿਚਾਰਦੇ ਹੋਏ ਅਤੇ ਜਾਂਚ ਅਫਸਰ ਦੀ ਰਿਪੋਰਟ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਦੀ ਸਲਾਹ/ਪ੍ਰਵਾਨਗੀ ਨਾਲ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-5 (ix) ਵਿੱਚ ਦਰਸਾਈ ਗਈ ਵੱਡੀ ਸਜਾ ਦਿੰਦੇ ਹੋਏ ਮਿਤੀ 4.1.2012 (ਗੈਰ ਹਾਜਰੀ ਦੀ ਮਿਤੀ) ਤੋਂ ਸਰਕਾਰੀ ਸੇਵਾ ਤੋਂ ਡਿਸਮਿਸ ਕਰਦੇ ਹਨ। ਜੇਕਰ ਇਸ ਅਧਿਕਾਰੀ ਵੱਲ ਸਰਕਾਰ ਦੀ ਕੋਈ ਰਕਮ ਬਕਾਇਆ ਰਹਿੰਦੀ ਹੋਵੇ ਤਾਂ ਉਸ ਨੂੰ ਵਸੂਲ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਂਖਵਾਂ ਰਹੇਗਾ।

ਮਿਤੀ,ਚੰਡੀਗੜ੍ਹ:
18-11-2015

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਪਿੱਠ ਅੰਕਣ ਨੰ:5/41/2010-2ਸਿੰ:ਪ੍ਰੋ:2/63152/6 ਮਿਤੀ,ਚੰਡੀਗੜ੍ਹ: 23/11/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਮੁੱਖ ਦਫਤਰ,ਪੰਜਾਬ, ਸੈਕਟਰ-18, ਚੰਡੀਗੜ੍ਹ।
2) ਮੁੱਖ ਇੰਜੀਨੀਅਰ/ਸਾਹਪੁਰਕੰਢੀ ਡੈਮ ਪ੍ਰੋਜੈਕਟ, ਸਿੰਚਾਈ ਵਿਭਾਗ, ਪੰਜਾਬ, ਸਾਹਪੁਰਕੰਢੀ ਟਾਊਨਸਿਪ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ: 651-54/ਸਪਕ-235, ਮਿਤੀ 4.2.2013 ਦੇ ਹਵਾਲੇ ਵਿੱਚ।
3) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
4) ਸਕੱਤਰ, ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: ਡਿਸ:652/2015/ਅ-7/8262, ਮਿਤੀ 4.11.2015 ਦੇ ਹਵਾਲੇ ਵਿੱਚ।
5) ਮਹਾਂਲੇਖਾਕਾਰ, ਪੰਜਾਬ, ਚੰਡੀਗੜ੍ਹ।
6) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
7) ਸ੍ਰੀ ਸਤਪਾਲ ਸਿੰਘ, ਉਪ ਮੰਡਲ ਅਫਸਰ, ਮਾਰਫਤ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।

ਅਧੀਨ ਸਕੱਤਰ ਸਿੰਚਾਈ

13289
23 NOV 2015
ਚੰਡੀਗੜ੍ਹ।